# ਮੈਡੀਕਲ ਅਤੇ ਲੰਬੇ ਸਮੇਂ ਦੀਆਂ ਸੇਵਾਵਾਂ ਅਤੇ ਸਹਾਇਤਾ ਲਈ ਸਟੇਟ ਨੂੰ ਮੁੜ ਅਦਾਇਗੀ ਕਰਦੇ ਹੋਏ ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ)

**Estate Recovery Repaying the State for Medical and Long-Term Services and Supports**

ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਕੀ ਹੈ?

- ਸਟੇਟ ਦੇ ਕਾਨੂੰਨ (ਚੈਪਟਰ 41.05A ਅਤੇ 43.20B) ਦੇ ਅਨੁਸਾਰ, ਤੁਹਾਡੇ ਦੁਆਰਾ ਪ੍ਰਾਪਤ ਕੁਝ ਮੈਡੀਕਲ ਸੇਵਾਵਾਂ ਅਤੇ ਲੰਬੇ ਸਮੇਂ ਦੀਆਂ ਸੇਵਾਵਾਂ ਅਤੇ ਸਹਾਇਤਾ (LTSS) ਦੀ ਲਾਗਤਾਂ ਲਈ ਤੁਹਾਨੂੰ ਤੁਹਾਡੀ ਸੰਪੱਤੀ (ਐਸਟੇਟ) ਦੇ ਰਾਹੀਂ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ (DSHS) ਅਤੇ ਸਿਹਤ ਸੰਭਾਲ ਅਥਾਰਟੀ (HCA) ਨੂੰ ਮੁੜ ਅਦਾਇਗੀ ਕਰਨ ਦੀ ਲੋੜ ਹੁੰਦੀ ਹੈ।

ਸੰਪੱਤੀ (ਐਸਟੇਟ) ਕੀ ਹੈ?

- ਸਾਰੀ ਸੰਪੱਤੀ ਅਤੇ ਕੋਈ ਵੀ ਹੋਰ ਜਾਇਦਾਦ ਜਿਸ ਦੇ ਤੁਸੀਂ ਤੁਹਾਡੀ ਮੌਤ ਦੇ ਸਮੇਂ ਮਾਲਕ ਹੋ ਜਾਂ ਜਿਸ ਵਿੱਚ ਤੁਹਾਡਾ ਕਾਨੂੰਨੀ ਹਿੱਤ ਹੈ ਭਾਵੇਂ ਉਹ ਕਿਸੇ ਵਸੀਅਤ ਦੇ ਨਾਲ ਜਾਂ ਉਸਤੋਂ ਬਿਨਾਂ ਹੈ। ਇਸ ਵਿਚ ਇਹ ਸੰਪੱਤੀ ਅਤੇ ਜਾਇਦਾਦਾਂ ਸ਼ਾਮਿਲ ਹਨ:
    - ਘਰ, ਜ਼ਮੀਨ;
    - ਬੈਂਕ ਖਾਤੇ;
    - ਸਟਾੱਕ, ਬੌਂਡ;
    - ਨਿੱਜੀ ਸੰਪੱਤੀ; ਅਤੇ
    - ਗੈਰ-ਪ੍ਰੋਬੇਟ ਜਾਇਦਾਦ, ਜੀਵਨ ਸੰਪੱਤੀ(ਐਸਟੇਟ)।

ਕਿਹੜਾ ਤੁਹਾਡੀ ਸੰਪੱਤੀ (ਐਸਟੇਟ) ਦਾ ਹਿੱਸਾ ਨਹੀਂ ਹੈ?

- ਸੰਪੱਤੀ ਜਾਂ ਕੋਈ ਹੋਰ ਜਾਇਦਾਦ ਜਿਹਨਾਂ ਦੇ ਤੁਸੀਂ ਮਾਲਕ ਨਹੀਂ ਹੋ ਜਾਂ ਤੁਹਾਡੀ ਮੌਤ ਦੇ ਸਮੇਂ ਉਹਨਾਂ ਵਿੱਚ ਤੁਹਾਡਾ ਕੋਈ ਕਾਨੂੰਨੀ ਹਿੱਤ ਨਹੀਂ ਹੈ। ਉਦਾਹਰਣ ਵਜੋਂ, ਤੁਹਾਡੇ ਮਾਤਾ-ਪਿਤਾ, ਜੀਵਨ ਸਾਥੀ, ਸਟੇਟ-ਰਜਿਸਟਰਡ ਘਰੇਲੂ ਸਾਥੀ, ਜਾਂ ਬੱਚੇ ਦੀ ਪੂਰੀ ਮਲਕੀਅਤ ਵਾਲੀ ਸੰਪੱਤੀ ਜਾਂ ਕੋਈ ਹੋਰ ਜਾਇਦਾਦਾਂ।

ਕਿਹੜੀਆਂ ਜਾਇਦਾਦਾਂ ਨੂੰ ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਤੋਂ ਛੋਟ ਹੈ?

- ਕੁਝ ਕਬਾਇਲੀ ਜਾਇਦਾਦਾਂ।
    - WAC 182-527-2746 (6) ਉਹਨਾਂ ਨਿਯਮਾਂ ਦਾ ਵਰਣਨ ਕਰਦਾ ਹੈ ਜੋ ਅਮਰੀਕੀ ਭਾਰਤੀਆਂ ਅਤੇ ਅਲਾਸਕਾ ਦੇ ਮੂਲ ਨਿਵਾਸੀਆਂ ਲਈ ਵਿਸ਼ੇਸ਼ ਹਨ। ਇਹ ਨਿਯਮ ਸੂਚੀਬੱਧ ਕਰਦਾ ਹੈ ਕਿ ਅਮਰੀਕੀ ਭਾਰਤੀਆਂ ਅਤੇ ਅਲਾਸਕਾ ਦੇ ਮੂਲ ਨਿਵਾਸੀਆਂ ਦੇ ਕਿਹੜੇ ਸਰੋਤ ਅਤੇ ਸੰਪੱਤੀਆਂ ਨੂੰ ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਤੋਂ ਬਾਹਰ ਰੱਖਿਆ ਗਿਆ ਹੈ। ਇਹ ਇੱਥੇ ਪ੍ਰਕਾਸ਼ਿਤ ਹੋਇਆ ਹੈ https://app.leg.wa.gov/WAC/default.aspx?cite=182-527-2746.
    - WashingtonLawHelp.org 'ਤੇ ਨਾਰਥਵੈਸਟ ਜਸਟਿਸ ਪ੍ਰੋਜੈਕਟ ਦਾ ਇੱਕ ਬੁਲੇਟਿਨ ਹੈ ਜਿਸ ਵਿੱਚ ਇਸ ਨਿਯਮ ਦੀ ਵਿਆਖਿਆ ਕੀਤੀ ਗਈ ਹੈ ਜਿਸਨੂੰ ਕਿਹਾ ਜਾਂਦਾ ਹੈ:"ਨੇਟਿਵ ਅਮਰੀਕਨ ਐਂਡ ਅਲਾਸਕਾ ਨੇਟਿਵ ਪ੍ਰਾਪਰਟੀ ਓਨਰਜ਼: ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਤੋਂ ਛੋਟਾਂ": https://www.washingtonlawhelp.org/resource/exemptions-from-estate-recovery-for-property.
    - ਜੇਕਰ ਤੁਹਾਨੂੰ ਇਸ ਨਿਯਮ ਦੀ ਕਾਪੀ ਲੈਣ ਵਿੱਚ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ DSHS ਕੇਸ ਪ੍ਰਬੰਧਨ ਨਾਲ ਸੰਪਰਕ ਕਰੋ।
    - ਜੇਕਰ ਤੁਹਾਡੇ ਕੋਲ ਅਮਰੀਕੀ ਭਾਰਤੀਆਂ ਅਤੇ ਅਲਾਸਕਾ ਦੇ ਮੂਲ ਨਿਵਾਸੀਆਂ ਸਬੰਧੀ ਸੰਪੱਤੀ ਦੀ ਵਸੂਲੀ (ਅਸਟੇਟ ਰਿਕਵਰੀ) ਬਾਰੇ ਵਾਧੂ ਸੁਆਲ ਹਨ, ਤਾਂ ਫ਼ਾਇਨਾਂਸ ਸਬੰਧੀ ਵਸੂਲੀ ਬਾਰੇ ਦਫ਼ਤਰ ਨਾਲ 800-562-6114 'ਤੇ ਸੰਪਰਕ ਕਰੋ।
- ਕੁਝ ਸਰਕਾਰੀ ਮੁਆਵਜ਼ੇ ਦੇ ਭੁਗਤਾਨ; ਅਤੇ
- ਯੋਗ ਲੰਬੇ-ਸਮੇਂ ਦੀ ਸੰਭਾਲ ਸਬੰਧੀ ਭਾਈਵਾਲੀ ਪਾਲਿਸੀ ਦੁਆਰਾ ਸੁਰੱਖਿਅਤ ਜਾਇਦਾਦਾਂ।

ਜੇਕਰ ਤੁਹਾਡੀ ਮੌਤ ਦੇ ਸਮੇਂ ਤੁਹਾਡੇ ਕੋਲ ਕੋਈ ਜਾਇਦਾਦ ਨਹੀਂ ਹੈ ਤਾਂ ਕੀ ਹੋਵੇਗਾ?

- ਕੋਈ ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਨਹੀਂ ਹੁੰਦੀ ਹੈ।

ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਵਿੱਚ ਕਿਹੜੀ ਮੈਡੀਕਲ ਅਤੇ LTSS ਲਾਗਤਾਂ ਸ਼ਾਮਿਲ ਹਨ?

- ਤੁਹਾਡੀ 55 ਸਾਲ ਦੀ ਉਮਰ ਤੋਂ ਬਾਅਦ ਸੰਘੀ ਫੰਡ ਪ੍ਰਾਪਤ LTSS ਲਾਗਤਾਂ, DSHS ਜਾਂ HCA ਅਦਾ ਕਰਦੇ ਹਨ।
- ਕਿਸੇ ਵੀ ਉਮਰ ਵਿੱਚ ਸਟੇਟ ਦੁਆਰਾ ਫੰਡ ਪ੍ਰਾਪਤ ਲਾਗਤਾਂ DSHS ਜਾਂ HCA ਅਦਾ ਕਰਦੇ ਹਨ, ਸਿਵਾਏ:
    - ਬਾਲਗ ਸੁਰੱਖਿਆ ਸੇਵਾਵਾਂ,
    - ਵਿਕਾਸ ਸਬੰਧੀ ਅਪੰਗਤਾ (ਅਪਾਹਜਤਾ) ਬਾਰੇ ਪ੍ਰਸ਼ਾਸਨ ਦੁਆਰਾ ਅਧਿਕਾਰਤ ਪੂਰਕ ਸੁਰੱਖਿਆ ਭੁਗਤਾਨ,
    - ਅਪਰਾਧੀ ਮੁੜ-ਪ੍ਰਵੇਸ਼ ਕਮਿਊਨਿਟੀ ਸੁਰੱਖਿਆ ਪ੍ਰੋਗਰਾਮ ਸਬੰਧੀ ਸੇਵਾਵਾਂ,
    - ਵਾਲੰਟੀਅਰ ਕੰਮ ਸਬੰਧੀ ਸੇਵਾਵਾਂ, ਅਤੇ
    - ਸਰਪ੍ਰਸਤੀ ਅਤੇ ਕੰਜ਼ਰਵੇਟਰਸ਼ਿਪ ਸਹਾਇਤਾ ਪ੍ਰੋਗਰਾਮ ਸੇਵਾਵਾਂ।

ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਵਿੱਚ ਕਿਹੜੀ ਮੈਡੀਕਲ ਅਤੇ LTSS ਲਾਗਤਾਂ ਸ਼ਾਮਿਲ ਨਹੀਂ ਹਨ?

- ਸੰਘੀ ਮੈਡੀਕੇਅਰ ਸੇਵਿੰਗਜ਼ ਪ੍ਰੋਗਰਾਮ ਦੇ ਤਹਿਤ ਲਾਗਤਾਂ ਦਾ ਭੁਗਤਾਨ HCA ਕਰਦਾ ਹੈ।
- ਜੇਕਰ ਤੁਸੀਂ LTSS ਵੀ ਪ੍ਰਾਪਤ ਨਹੀਂ ਕਰਦੇ ਹੋ ਤਾਂ ਮੈਡੀਕਲ ਲਾਗਤਾਂ HCA ਅਦਾ ਕਰਦਾ ਹੈ।
- ਵੱਡੇ-ਬਜ਼ੁਰਗਾਂ ਲਈ ਤਿਆਰ ਕੀਤੀ ਗਈ ਸਹਾਇਤਾ (TSOA) ਸੇਵਾਵਾਂ।

ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਵਿੱਚ ਦੇਰੀ ਕਦੋਂ ਹੁੰਦੀ ਹੈ?

- ਜੇਕਰ ਤੁਹਾਡਾ ਜੀਵਨ ਸਾਥੀ ਤੁਹਾਡੇ ਰਾਹੀਂ ਜੀਵਨ ਜੀਉਂਦਾ ਹੈ,
- ਜੇਕਰ ਤੁਹਾਡਾ 21 ਸਾਲ ਤੋਂ ਘੱਟ ਉਮਰ ਦਾ ਕੋਈ ਬਚਿਆ ਹੋਇਆ ਬੱਚਾ ਹੈ,
- ਜੇਕਰ ਤੁਹਾਡਾ ਕੋਈ ਬਚਿਆ ਹੋਇਆ ਬੱਚਾ ਹੈ ਜੋ ਤੁਹਾਡੀ ਮੌਤ ਦੇ ਸਮੇਂ ਨੇਤਰਹੀਨ ਜਾਂ ਅਪਾਹਜ ਸੀ, ਜਾਂ
- ਬੇਲੋੜੀ ਮੁਸ਼ਕਲ ਦੀ ਮਿਆਦ ਦੇ ਦੌਰਾਨ, ਜੇਕਰ ਕੋਈ ਵਾਰਸ ਬੇਲੋੜੀ ਮੁਸ਼ਕਲ ਵਿੱਚ ਦੇਰੀ ਲਈ ਪੁੱਛਦਾ ਹੈ ਅਤੇ DSHS ਬੇਨਤੀ ਨੂੰ ਮਨਜ਼ੂਰ ਕਰਦਾ ਹੈ।

DSHS ਬੇਲੋੜੀ ਮੁਸ਼ਕਲ ਨੂੰ ਕਦੋਂ ਮਨਜ਼ੂਰ ਕਰ ਸਕਦਾ ਹੈ?

- ਜਦੋਂ ਵਸੂਲੀ ਕਿਸੀ ਵਾਰਸ ਨੂੰ ਰਹਿਣ ਲਈ ਜਗ੍ਹਾ ਤੋਂ ਵਾਂਝਾ ਕਰ ਦਿੰਦੀ ਹੈ ਅਤੇ ਉਹ ਕੋਈ ਹੋਰ ਆਸਰਾ ਨਹੀਂ ਦੇ ਸਕਦੇ ਹਨ,
- ਉਹ ਸੰਪੱਤੀ (ਐਸਟੇਟ) ਹੀ ਵਾਰਸ ਦੀ ਇਕੋ-ਇਕ ਆਮਦਨ ਪੈਦਾ ਕਰਨ ਵਾਲੀ ਜਾਇਦਾਦ ਹੈ, ਜਾਂ
- ਤੁਸੀਂ ਸਟੇਟ-ਰਜਿਸਟਰਡ ਘਰੇਲੂ ਸਾਥੀ ਦੇ ਰਾਹੀਂ ਜੀਵਨ ਜੀਉਂਦੇ ਹੋ।

ਉਦੋਂ ਕੀ ਹੁੰਦਾ ਜੇਕਰ ਤੁਸੀਂ ਕਿਸੇ ਮੈਡੀਕਲ ਸਹੂਲਤ ਵਿੱਚ ਰਹਿੰਦੇ ਹੋ ਅਤੇ ਤੁਹਾਡੇ ਤੋਂ ਘਰ ਵਾਪਸ ਜਾਣ ਦੀ ਵਾਜਬ ਉਮੀਦ ਨਹੀਂ ਹੈ?

- ਹਾਲਾਂਕਿ ਇਹ "ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ)" ਨਹੀਂ ਹੈ, DSHS 2005 ਦੇ ਟੈਕਸ ਇਕੁਇਟੀ ਐਂਡ ਫਿਸਕਲ ਰਿਸਪੋਂਸੀਬਿਲਟੀ ਐਕਟ (TEFRA) ਦੇ ਕਾਰਨ ਤੁਹਾਡੇ ਘਰ 'ਤੇ ਤੁਹਾਡੀ ਮੌਤ ਤੋਂ ਪਹਿਲਾਂ ਵੀ ਗ੍ਰਹਿਣ ਅਧਿਕਾਰ ਰੱਖ ਸਕਦਾ ਹੈ।
- ਕਾਨੂੰਨ DSHS ਨੂੰ ਤੁਹਾਡੀ ਮੌਤ ਤੋਂ ਪਹਿਲਾਂ ਹੀ ਤੁਹਾਡੇ ਘਰ 'ਤੇ ਗ੍ਰਹਿਣ ਅਧਿਕਾਰ ਦਾਇਰ ਕਰਨ ਦੀ ਇਜਾਜ਼ਤ ਦਿੰਦਾ ਹੈ।
- ਸਿਰਫ਼ ਉਹ ਲੋਕ ਜਿਹਨਾਂ ਨੂੰ ਆਪਣੀ ਦੇਖਭਾਲ ਦੀ ਲਾਗਤ ਦਾ ਭੁਗਤਾਨ ਕਰਨਾ ਪੈਂਦਾ ਹੈ, ਉਹਨਾਂ ਦੇ ਘਰ 'ਤੇ ਉਹਨਾਂ ਦੀ ਮੌਤ ਤੋਂ ਪਹਿਲਾਂ ਹੀ ਗ੍ਰਹਿਣ ਅਧਿਕਾਰ ਰੱਖਿਆ ਜਾ ਸਕਦਾ ਹੈ।
- ਜੇਕਰ ਤੁਹਾਡੇ ਘਰ 'ਤੇ DSHS ਦਾ ਗ੍ਰਹਿਣ ਅਧਿਕਾਰ ਹੈ ਅਤੇ ਤੁਸੀਂ ਇਸਨੂੰ ਵੇਚਦੇ ਹੋ, ਤਾਂ DSHS ਮੈਡੀਕਲ ਅਤੇ LTSS ਦੀ ਲਾਗਤਾਂ ਨੂੰ ਉਸ ਕਮਾਈ ਤੋਂ ਵਸੂਲ ਕਰੇਗਾ।
- ਜੇਕਰ ਤੁਹਾਡਾ ਜੀਵਨ ਸਾਥੀ, ਸਟੇਟ-ਰਜਿਸਟਰਡ ਘਰੇਲੂ ਸਾਥੀ, 21 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ, ਜਾਂ ਭੈਣ-ਭਰਾ ਉੱਥੇ ਰਹਿੰਦੇ ਹਨ ਤਾਂ DSHS ਤੁਹਾਡੇ ਘਰ 'ਤੇ ਗ੍ਰਹਿਣ ਅਧਿਕਾਰ ਦਾਇਰ ਨਹੀਂ ਕਰੇਗਾ।
- ਜੇਕਰ ਤੁਸੀਂ ਘਰ ਨੂੰ ਪਰਤਦੇ ਹੋ ਤਾਂ DSHS ਗ੍ਰਹਿਣ ਅਧਿਕਾਰ ਜਾਰੀ ਕਰੇਗਾ।

ਜੇਕਰ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ ਕੀ ਹੋਵੇਗਾ?

- ਕੋਆਰਡੀਨੇਟਿਡ ਲੀਗਲ ਐਜੁਕੇਸ਼ਨ, ਐਡਵਾਈਸ ਐਂਡ ਰੈਫਰਲ ਲਾਈਨ (CLEAR) ਦੇ ਟੋਲ ਫ੍ਰੀ ਨੂੰ 1-888-201-1014 'ਤੇ ਕਾਲ ਕਰੋ।
- ਕਿਸੇ ਅਟਾਰਨੀ ਨਾਲ ਸਲਾਹ ਕਰੋ ਜੋ ਸੰਪੱਤੀ (ਐਸਟੇਟ) ਦੀ ਯੋਜਨਾਬੰਦੀ ਅਤੇ ਮੈਡੀਕਲ ਸਹਾਇਤਾ ਨਿਯਮਾਂ ਦੋਵਾਂ ਨੂੰ ਸਮਝਦਾ ਹੋਵੇ।
- "ਸਟੇਟ ਦੁਆਰਾ ਭੁਗਤਾਨ ਕੀਤੀਆਂ ਮੈਡੀਕਲ ਸੇਵਾਵਾਂ ਲਈ ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ)" ਨੂੰ ਇੱਥੇ ਪੜ੍ਹੋ www.washingtonlawhelp.org.
- ਚੈਪਟਰ RCW 41.05A ਅਤੇ 43.20B ਅਤੇ ਚੈਪਟਰ 182-527 WAC ਨੂੰ ਪੜ੍ਹੋ: https://app.leg.wa.gov/WAC/default.aspx?cite=182-527.
- ਸੰਪੱਤੀ ਦੀ ਵਸੂਲੀ (ਐਸਟੇਟ ਰਿਕਵਰੀ) ਦੇ ਸੁਆਲਾਂ ਦੇ ਨਾਲ ਫ਼ਾਇਨਾਂਸ ਸਬੰਧੀ ਵਸੂਲੀ ਬਾਰੇ ਦਫ਼ਤਰ ਨੂੰ 800-562-6114 'ਤੇ ਸੰਪਰਕ ਕਰੋ।